# ਭਾਰਤੀ ਰਿਜ਼ਰਵ ਬੈਂਕ

www.rbi.org.in

ਆਰਬੀਆਈ / 2009 – 10 / 142

ਡੀਬੀਓਡੀ . ਸਂ. ਲੀਜ. ਬੀਸੀ. 37 / 09. 07.005 / 2009 – 10 ਸਤੰਬਰ 2, 2009

ਸਾਰੇ ਅਨੁਸੂਚਿਤ ਵਪਾਰਕ ਬੈਂਕ
(ਆਰਬੀਆਈ ਸ਼ਾਮਲ ਨਹੀਂ)

ਸ਼੍ਰੀਮਾਨ ,

**ਔਟਿਜ਼ਮ, ਸੇਰੇਬ੍ਰਲ ਪਾਲਸੀ, ਮਾਨਸਿਕ ਮੰਦਤਾ ਅਤੇ ਇੱਕ ਤੋਂ ਅਧਿਕ ਵਿਕਲਾਂਗਤਾ ਨਾਲ ਪੀੜਿਤ ਵਿਅਕਤੀਆਂ ਦੀ ਭਲਾਈ ਲਈ ਰਾਸ਼ਟਰੀ ਟ੍ਰਸਟ ਅਧਿਨਿਯਮ, 1999 ਦੇ ਤਹਿਤ ਸਥਾਪਿਤ ਸਥਾਨਕ ਸਤੱਰ ਦੀਆਂ ਸਮੀਤਿਆਂ ਦੇ ਸੰਬੰਧ ਵਿੱਚ ਸੂਚਨਾ ਦਾ ਪ੍ਰਦਰਸ਼ਣ**

ਗਾਹਕ ਸੇਵਾ ਤੇ ਸਾਡੇ ਪ੍ਰਧਾਨ ਪਰਿਪੱਤਰ ਡੀਬੀਓਡੀ . ਸਂ. ਲੀਜ. ਬੀਸੀ.9/09. 07.006 / 2009 – 10 ਤਾਰੀਖ 1 ਜੁਲਾਈ 2009 ਦੇ ਪੈਰਾਗ੍ਰਾਫ 11 ਦਾ ਸੰਦਰਭ ਲਓ, ਜਿਸਦੇ ਵਿੱਚ ਬੈਂਕਾਂ ਨੂੰ ਇਸ ਅਧਿਨਿਯਮ ਦੇ ਤਹਿਤ ਆਏ ਵਿਕਲਾਂਗ ਵਿਅਕਤੀਆਂ ਦੇ ਕਨੂੰਨੀ ਅਭਿਭਾਵਕਾਂ ਦੁਆਰਾ ਬੈਂਕ ਖਾਤਾ ਖੋਲਨ / ਸੰਚਾਲਿਤ ਕਰਨ ਦੇ ਉੱਦੇਸ਼ਾਂ ਲਈ ਮਾਨਸਿਕ ਸਵਾਸਥ ਅਧਿਨਿਯਮ, 1987 ਦੇ ਤਹਿਤ ਜਿਲਾ ਅਦਾਲਤ (ਨਿਆਆਲੇ) ਜਾਂ ਔਟਿਜ਼ਮ, ਸੇਰੇਬ੍ਰਲ ਪਾਲਸੀ, ਮਾਨਸਿਕ ਮੰਦਤਾ ਅਤੇ ਇੱਕ ਤੋਂ ਅਧਿਕ ਵਿਕਲਾਂਗਤਾ ਨਾਲ ਪੀੜਿਤ ਵਿਅਕਤੀਆਂ ਦੀ ਭਲਾਈ ਲਈ ਰਾਸ਼ਟਰੀ ਟ੍ਰਸਟ ਅਧਿਨਿਯਮ, 1999 ਦੇ ਤਹਿਤ ਸਥਾਪਿਤ ਸਥਾਨਕ ਸਤੱਰ ਦੀਆਂ ਸਮੀਤਿਆਂ (ਇਸਦੇ ਬਾਅਦ ਮਾਨਸਿਕ ਵਿਕਲਾਂਗਤਾ ਕਨੂੰਨ ਕਿਹਾ ਗਿਆ ਹੈ) ਦੁਆਰਾ ਜਾਰੀ ਸਰੰਖਿਅਕਤਾ ਪ੍ਰਮਾਣ – ਪੱਤਰ ਤੇ ਨਿਰਭਰ ਰਹਿਣ ਦੀ ਸਲਾਹ ਦਿੱਤੀ ਗਈ ਹੈ । ਬੈਂਕਾਂ ਨੂੰ ਇਹ ਵੀ ਨਿਸ਼ਚਿਤ ਕਰਨ ਦੀ ਸਲਾਹ ਦਿੱਤੀ ਗਈ ਹੈ ਕਿ ਉਨ੍ਹਾਂ ਦੀਆਂ ਸ਼ਾਖਾਵਾਂ ਉਚਿਤ ਮਾਰਗਦਰਸ਼ਣ ਪ੍ਰਦਾਨ ਕਰਨ ਤਾਕਿ ਵਿਕਲਾਂਗ ਵਿਅਕਤੀਆਂ ਦੇ ਮਾਤਾ – ਪਿਤਾ / ਰਿਸ਼ਤੇਦਾਰਾਂ ਨੂੰ ਇਸ ਸੰਬੰਧ ਵਿੱਚ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ।

2. ਦਿੱਲੀ ਹਾਈ ਕੋਰਟ (ਉੱਚ ਨਿਆਆਲੇ) ਦੇ ਸਾਹਮਣੇ ਆਏ ਇੱਕ ਮਾਮਲੇ ਵਿੱਚ, ਮਾਨਯੋਗ ਨਿਆਆਲੇ ਨੇ ਨਿਰਦੇਸ਼ ਦਿੱਤਾ ਸੀ ਕਿ ਸਾਰੇ ਬੈਂਕਾਂ ਨੂੰ ਨਿਸ਼ਚਿਤ ਕਰਨਾ ਚਾਹਿਦਾ ਹੈ ਕਿ ਉਨ੍ਹਾਂ ਦੀਆਂ ਸ਼ਾਖਾਵਾਂ ਇੱਕ ਖਾਸ ਸਥਾਨ ਤੇ ਪ੍ਰਦਰਸ਼ਿਤ ਕਰਨ (i) ਅਧਿਨਿਯਮ (ਮਾਨਸਿਕ ਵਿਕਲਾਂਗਤਾ ਕਨੂੰਨ) ਦੇ ਤਹਿਤ ਸੁਵਿਧਾਵਾਂ ਦੇ ਸੰਬੰਧ ਵਿੱਚ ਜਰੂਰੀ ਜਾਣਕਾਰੀ ; (ii) ਇਹ ਤੱਥ ਕਿ ਪੱਖ ਪ੍ਰਮਾਣ – ਪੱਤਰ ਜਾਰੀ ਕਰਨ ਦੇ ਉੱਦੇਸ਼ਾਂ ਲਈ ਸਥਾਨਕ ਸਤੱਰ ਦੀਆਂ ਸਮੀਤਿਆਂ ਨਾਲ ਸੰਪਰਕ ਕਰ ਸਕਦੇ ਹਨ , ਅਤੇ ਕਿ ਮਾਨਸਿਕ ਵਿਕਲਾਂਗਤਾ ਕਨੂੰਨ ਦੇ ਤਹਿਤ ਜਾਰੀ ਪ੍ਰਮਾਣ – ਪੱਤਰ ਸਵੀਕਾਰ ਕੀਤੇ ਜਾਣ ਯੋਗ ਹੈ ; (iii) ਉਕਤ ਖੇਤਰ ਦੀ ਸਥਾਨਕ ਸਤੱਰ ਦੀਆਂ ਸਮੀਤਿਆਂ ਦਾ ਵੇਰਵਾ ।

**ਬੈਂਕਿੰਗ ਪਰਿਚਾਲਨ ਅਤੇ ਵਿਕਾਸ ਵਿਭਾਗ, ਕੇਂਦਰੀ ਦਫ਼ਤਰ, 12 ਵੀਂ ਮੰਜਿਲ, ਕੇਂਦਰੀ ਦਫ਼ਤਰ ਭਵਨ, ਸ਼ਹੀਦ ਭਗਤ ਸਿੰਘ ਮਾਰਗ, ਮੁੰਬਈ – 400 001 ਈਮੇਲ** : cgmicdbodco@rbi.org.in

ਅਦਾਲਤ ਨੇ ਅੱਗੇ ਨਿਰਦੇਸ਼ ਦਿੱਤਾ ਹੈ ਕਿ ਸੂਚਨਾ ਸਥਾਨਕ ਭਾਸ਼ਾ ਅਤੇ ਅੰਗ੍ਰੇਜ਼ੀ / ਹਿੰਦੀ ਜਾਂ ਦੋਨਾਂ ਵਿੱਚ ਪ੍ਰਦਰਸ਼ਿਤ ਕੀਤੀ ਜਾਏਗੀ ।

3. ਬੈਂਕਾਂ ਨੂੰ ਅਦਾਲਤ ਦੇ ਉੱਪਰਲਿਖਿਤ ਨਿਰਦੇਸ਼ਾਂ ਦਾ ਸਖਤੀ ਨਾਲ ਪਾਲਨ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ । ਬੈਂਕਾਂ ਨੂੰ ਮਾਨਸਿਕ ਵਿਕਲਾਂਗਤਾ ਕਨੂੰਨਾਂ ਦੇ ਪ੍ਰਾਵਧਾਨਾਂ ਦਾ ਨਿਸ਼ਚਿਤ ਤੌਰ ਤੇ ਸਖਤੀ ਨਾਲ ਪਾਲਨ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ । ਇਹ ਧਿਆਨ ਦਿੱਤੇ ਜਾਣ ਯੋਗ ਹੈ ਕਿ ਸਥਾਨਕ ਸਤੱਰ ਦੀਆਂ ਸਮੀਤਿਆਂ ਦਾ ਵੇਰਵਾ ਆੱਟਿਜ਼ਮ, ਸੇਰੇਬ੍ਰਲ ਪਾਲਸੀ, ਮਾਨਸਿਕ ਮੰਦਤਾ ਅਤੇ ਇੱਕ ਤੋਂ ਅਧਿਕ ਵਿਕਲਾਂਗਤਾ ਨਾਲ ਪੀੜਿਤ ਵਿਅਕਤੀਆਂ ਦੀ ਭਲਾਈ ਲਈ ਰਾਸ਼ਟਰੀ ਟ੍ਰਸਟ ਦੀ ਵੈਬਸਾਇਟ, ਯਾਨੀ,www.thenationaltrust.in ਤੇ ਉਪਲੱਬਧ ਹੈ ।

ਤੁਹਾਡਾ

(ਬੀ. ਮਹਾਪਾਤ੍ਰਾ)
ਮੁੱਖ ਮਹਾ ਪ੍ਰਬੰਧਕ